ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਹੋਈ 7 ਲੱਖ 35 ਹਜ਼ਾਰ 625 ਮੀਟਰਿਕ ਟਨ ਝੋਨੇ ਦੀ ਖਰੀਦ : ਡਿਪਟੀ ਕਮਿਸ਼ਨਰ

ਖਰੀਦ ਗਈ ਫ਼ਸਲ ਦੀ ਕਿਸਾਨਾਂ ਨੂੰ ਕੀਤੀ ਗਈ 1165 ਕਰੋੜ ਰੁਪਏ ਦੀ ਅਦਾਇਗੀ

ਤਰਨਤਾਰਨ, 1 ਦਸੰਬਰ :

ਜ਼ਿਲ੍ਹਾ ਤਰਨਤਾਰਨ ਦੀਆਂ ਮੰਡੀਆਂ ਵਿੱਚ 30 ਨਵੰਬਰ ਤੱਕ ਪਹੁੰਚੇ ਕੁੱਲ 7 ਲੱਖ 35 ਹਜ਼ਾਰ 625 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਤਰਨਤਾਰਨ ਸ੍ਰੀ ਪਰਦੀਪ ਕੁਮਾਰ ਸੱਭਰਵਾਲ ਨੇ ਦਿੰਦਿਆਂ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਦੇ ਕਿਸਾਨਾਂ ਨੂੰ ਖਰੀਦ ਕੀਤੇ ਗਏ ਝੋਨੇ ਦੀ ਲੱਗਭੱਗ 1165 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ 30 ਨਵੰਬਰ ਤੱਕ ਵੱਖ-ਵੱਖ ਏਜੰਸੀਆਂ ਵੱਲੋਂ 7 ਲੱਖ 35 ਹਜਾਰ 625 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਨਗਰੇਨ ਵੱਲੋਂ 303132 ਮੀਟਰਿਕ ਟਨ, ਮਾਰਕਫੈੱਡ ਵੱਲੋਂ 126754, ਪਨਸਪ ਵੱਲੋਂ 133305, ਪੰਜਾਬ ਸਟੇਟ ਵੇਅਰ ਹਾਓੂਸ ਕਾਰਪੋਰੇਸ਼ਨ ਵੱਲੋਂ 75908, ਪੰਜਾਬ ਐਗਰੋ ਵੱਲੋਂ 77463 ਅਤੇ ਐੱਫ.ਸੀ.ਆਈ. ਵੱਲੋਂ 19063 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 30 ਨਵੰਬਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਖਰੀਦ ਕੀਤੀ ਗਈ ਫ਼ਸਲ ਦੀ ਲੱਗਭੱਗ 1165 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪਨਗਰੇਨ ਵੱਲੋਂ 481 ਕਰੋੜ 83 ਲੱਖ, ਮਾਰਕਫੈੱਡ ਵੱਲੋਂ 201 ਕਰੋੜ 53 ਲੱਖ, ਪਨਸਪ ਵੱਲੋਂ 212 ਕਰੋੜ 93 ਲੱਖ, ਪੰਜਾਬ ਸਟੇਟ ਵੇਅਰ ਹਾਓੂਸ ਕਾਰਪੋਰੇਸ਼ਨ ਵੱਲੋਂ 120 ਕਰੋੜ 90 ਲੱਖ, ਪੰਜਾਬ ਐਗਰੋ ਵੱਲੋਂ 121 ਕਰੋੜ 74 ਲੱਖ ਅਤੇ ਐਫ.ਸੀ.ਆਈ. ਵੱਲੋਂ 26 ਕਰੋੜ 20 ਲੱਖ ਰੁਪਏ ਦੀ ਅਦਾਇਗੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ।

----------------------